**BCM SCHOOL BASANT AVENUE DUGRI ROAD LUDHIANA**

**CLASS – 5TH**

**PUNJABI ASSIGNMENT- 2 ANSWER KEY**

**1. . ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ :-**

**(ੳ) ਨਿਮਰਤਾ - ਹਲੀਮੀ** **(ਅ) ਮਨੋਸਥਿਤੀ – ਮਾਨਸਿਕ ਹਾਲਤ**

2. ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ :-

**(ੳ) ਯੋਜਨਾ - ਮੈਂ ਇੱਕ ਯੋਜਨਾ ਬਣਾਈ।** (ਅ) ਸਿਖਲਾਈ - ਐਨੀ ਨੇ ਹੈਲਨ ਨੂੰ ਸਿਖਲਾਈ ਦਿੱਤੀ।

3. ਛੋਟੇ ਪ੍ਰਸ਼ਨ / ਉੱਤਰ :-

**(ੳ) ਡਾਕੂਆਂ ਨੇ ਕਿਹੜੀ ਯੋਜਨਾ ਬਣਾਈ ?** ਉੱਤਰ :- ਡਾਕੂਆਂ ਨੇ ਇੱਕ ਵਪਾਰੀ ਨੂੰ ਲੁੱਟਣ ਦੀ ਯੋਜਨਾ ਬਣਾਈ।

(ਅ) ਹੈਲਨ ਕੈਲਰ ਦੀ ਕਿਤਾਬ ਦਾ ਕੀ ਨਾਂ ਸੀ ? ਉੱਤਰ :- ' ਦ ਸਟੋਰੀ ਆਫ਼ ਮਾਈ ਲਾਈਫ਼ '।

4. ਵੱਡੇ ਪ੍ਰਸ਼ਨ / ਉੱਤਰ :-

(ੳ) ਡਾਕੂਆਂ ਨੇ ਭਗਤ ਨੂੰ ਕੀ ਕਿਹਾ ?

ਉੱਤਰ :- ਡਾਕੂਆਂ ਨੇ ਭਗਤ ਨੂੰ ਕਿਹਾ ਕਿ ਅਸੀਂ ਸਾਰੇ ਡਾਕੂ ਹਾਂ ਤੇ ਚੋਰੀ ਕਰਨ ਜਾ ਰਹੇ ਹਾਂ। ਤੂੰ ਵੀ ਸਾਡੇ ਨਾਲ ਆ ਸਕਦਾ ਹੈ। ਉਹ ਭਗਤ ਨੂੰ ਵੀ ਆਪਣੀ ਚੋਰੀ ਵਿੱਚ ਸ਼ਾਮਿਲ ਕਰਨਾ ਚਾਹੁੰਦੇ ਸਨ।

(ਅ) ਹੈਲਨ ਕੈਲਰ ਦੀਆਂ ਕੁਝ ਪ੍ਰਾਪਤੀਆਂ ਦਾ ਵਰਨਣ ਕਰੋ।

ਉੱਤਰ :- ਹੈਲਨ ਕੈਲਰ ਨੇ ਸਭ ਤੋਂ ਪਹਿਲਾਂ ਕੈਂਬਰਿਜ਼ ਤੋਂ ਗਰੈਜੂਏਟ ਆਨਰਜ਼ ਕੀਤੀ। ਉਸ ਨੇ 'ਦ ਲੇਡੀਜ਼ ਹੋਮਜਰਨਲ ਮੈਗਜ਼ੀਨ' ਲਈ ਕਈ ਆਰਟੀਕਲ ਲਿਖੇ।ਉਸ ਨੇ 'ਦ ਸਟੋਰੀ ਆਫ਼ ਮਾਈ ਲਾਈਫ਼' ਨਾਂ ਦੀ ਕਿਤਾਬ ਲਿਖੀ।ਉਹ 'ਅਮਰੀਕਨ ਫਾਊਂਡੇਸ਼ਨ ਫ਼ਾਰ ਦਾ ਬਲਾਈਂਡ' ਦਾ ਹਿੱਸਾ ਵੀ ਬਣੀ।

5. ਬਹੁ-ਵਿਕਲਪੀ ਪ੍ਰਸ਼ਨ :-

(1) 'ਲਾਲ-ਪੀਲਾ ਹੋਣਾ' ਮੁਹਾਵਰੇ ਦਾ ਅਰਥ ਚੁਣੋ।

(ੳ) ਰੰਗ ਲਗਾਉਣਾ (ਅ) ਗੁੱਸੇ ਹੋਣਾ (ੲ) ਹੋਲੀ ਖੇਡਣਾ

(2) 'ਗਾਇਕ ਗਾਣਾ ਗਾ ਰਿਹਾ ਹੈ।' ਵਾਕ ਦਾ ਲਿੰਗ ਬਦਲੋ।

(ੳ) ਗਾਇਕਾਂ ਗਾਣਾ ਗਾ ਰਹੀ ਹੈ। (ਅ) ਗਾਈਕਾ ਗਾਣਾ ਗਾ ਰਹੀ ਹੈ।

(ੲ) ਗਾਇਕਾ ਗਾਣਾ ਗਾ ਰਹੀ ਹੈ।

(3) 'ਮੇਜ਼' ਸ਼ਬਦ ਦਾ ਵਚਨ ਬਦਲੋ।

(ੳ) ਮੇਜ਼ਾਂ (ਅ) ਮੇਜਾਂ (ੲ) ਮੇਜ਼ਾ

(4) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਚੁਣੋ :- ਭਾਸ਼ਣ ਸੁਣਨ ਵਾਲਾ

(ੳ) ਗਾਲੜੀ (ਅ) ਨੇਤਾ (ੲ) ਸਰੋਤਾ

(5) ਸ਼ੁੱਧ ਸ਼ਬਦ ਚੁਣੋ।

(ੳ) ਇਲਾਜ (ਅ) ਇਲਾਜ਼ (ੲ) ਈਲਾਜ਼